## ਗੁਰਜੋਤਿ ਦੀ ਵਡਿਆਈ :

ਆਸਾ ਮਹਲਾ ੧ ॥

ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ ॥

ਅੰਧੁਲੈ ਦਹਸਿਰਿ ਮੂੰਡੁ ਕਟਾਇਆ ਰਾਵਣੁ ਮਾਰਿ ਕਿਆ ਵਡਾ ਭਇਆ ॥੧॥

ਗੁਰੂ ਨਾਨਕ ਪਾਤਸ਼ਾਹ ਨੇ ਇਹ ਸ਼ਬਦ ਰਾਗ ਆਸਾ ਵਿਚ ਉਚਾਰਣ ਕੀਤਾ ਹੈ। ਇਸ ਸ਼ਬਦ ਵਿਚ ਗੁਰੂ ਸਾਹਿਬ ਨੇ ਪਰਮਾਤਮਾ ਦੀ ਸਿਰਜੀ ਹੋਈ ਉਸ **ਗੁਰਜੋਤਿ** (ਆਪੀਨੈ ਆਪੁ ਸਾਜਿਓ) ਦੀ ਵਡਿਆਈ ਕੀਤੀ ਹੈ ਜਿਸ ਨੇ ਜੁਗਾਂ ਤੋਂ ਅਤੇ ਉਸ ਤੋਂ ਪਹਿਲਾਂ ਵੀ ਸ੍ਰਿਸ਼ਟੀ ਸਾਜੀ ਹੈ (ਦੁਯੀ ਕੁਦਰਤਿ ਸਾਜੀਐ) ਅਤੇ ਇਸ ਦੇ ਪਾਲਣਹਾਰ ਵਜੋਂ (ਦਾਤਾ ਕਰਤਾ ਆਪਿ ਤੂੰ) ਇਸੇ ਗੁਰਜੋਤਿ ਦਾ ਜ਼ਿਕਰ ਬਾਣੀ ਵਿਚ ਕਈ ਵੇਰ ਆਇਆ ਹੈ। ਗੁਰੂ ਸਾਹਿਬ ਨੇ ਇਸ ਸ਼ਬਦ ਵਿਚ ਇਹ ਸਮਝਾਇਆ ਹੈ ਕਿ **ਕਰਤੇ** ਦੇ **ਗੁਰਜੋਤਿ** ਰੂਪ ਵਿਚ ਪ੍ਰਗਟ ਹੋ ਕੇ ਆਉਣ ਤੇ ਕੀਤੇ, ਕਿਸੇ ਵੀ ਵਡੇ ਤੋਂ ਵਡੇ ਕੰਮ ਰਾਹੀਂ ਉਸ ਦੀ ਵਡਿਆਈ ਦਾ ਪਾਰ ਨਹੀਂ ਪਾਇਆ ਜਾ ਸਕਦਾ।

1395 ਪੰਨੇ ਤੇ ਅੰਕਿਤ ਹੈ ਕਿ **ਨਾਰਾਇਣ ਇਸੇ ਗੁਰ ਜੋਤਿ ਰਾਹੀਂ ਸੰਸਾਰ ਵਿਚ ਆਕਾਰ ਰੂਪ ਵਿਚ ਪ੍ਰਗਟ ਹੁੰਦਾ ਹੈ –** 'ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ।। ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਯਿਉ।।'

**ਅਤੇ ਉਸੇ ਨੇ ਹੀ ਇਹ ਸ੍ਰਿਸ਼ਟੀ ਸਾਜੀ, 84 ਲਖ ਜੂਨ ਪੈਦਾ ਕੀਤੀ। ਸਮੇਂ ਦੇ ਗੁਰਜੋਤਿ ਰੂਪ ਗੁਰੂ ਰਾਮਦਾਸ ਸਾਹਿਬ ਜੀ ਨੂੰ ਸੰਬੋਧਨ ਕਰਕੇ ਫ਼ੁਰਮਾਣ ਹੈ –** 'ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹ ਭਯਾ ਮਨ ਮਦ ਕਾ।। ਚਵਰਾਸੀਹ ਲਖ ਜੋਨਿ ਉਪਾਈ ਰਿਜਕ ਦੀਆ ਸਭ ਹੂ ਕਉ ਤਦ ਕਾ।।'

ਇਸੇ **ਗੁਰਜੋਤਿ** ਰੂਪ ਵਿਚ **ਨਾਰਾਇਣ**, ਰੂਪ ਧਾਰ ਕੇ, ਸੰਸਾਰ ਵਿਚ ਪ੍ਰਗਟ

ਹੋਇਆ ਅਤੇ ਇਸੇ ਦਾ ਹੀ ਰਾਜ ਸਦਾ ਤੋਂ ਹੀ ਅਬਿਚਲ ਤੇ ਅਟਲ ਹੋਣ ਦਾ ਫ਼ੁਰਮਾਣ ਆਦਿ ਪੁਰਖ ਨੇ ਫ਼ੁਰਮਾਇਆ – 'ਸ੍ਰੀ ਗੁਰੂ ਰਾਜ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ।।' ਇਸੇ **ਗੁਰਜੋਤਿ** ਦੇ ਰੂਪ ਵਿਚ **ਨਾਰਾਇਣ** ਕਦੇ ਰਘੁਬੰਸੀ ਰਾਮ ਕਹਾਇਆ, ਕਦੇ ਜਦੁਬੰਸੀ ਕ੍ਰਿਸ਼ਨ ਕਹਾਇਆ (ਧੰਨਿ ਧੰਨਿ ਬਨ ਖੰਡ ਬਿੰਦਰਾਬਨਾ ਜਹ ਖੇਲੈ ਸ੍ਰੀ ਨਾਰਾਇਨਾ।।), ਕਦੇ ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ ਕਹਾਇਆ – ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ।। ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ।। ਦੁਆਪਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ।। ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ।। ਕਲਿਜੁਗਿ ਪ੍ਰਮਾਣੁ ਨਾਨਕੁ ਗੁਰੁ ਅੰਗਦੁ ਅਮਰੁ ਕਹਾਇਓ।।

ਫ਼ਿਰ ਇਸੇ **ਗੁਰਜੋਤਿ** ਨੇ ਹੀ ਤਾਂ ਪਉਣ ਪੈਦਾ ਕੀਤੀ, ਫ਼ਿਰ ਧਰਤੀ ਪੈਦਾ ਕੀਤੀ। ਜਲ ਅਗਨੀ ਆਦਿ ਪੰਜ ਤੱਤ ਪੈਦਾ ਕਰਕੇ ਸਾਰੇ ਵਿਰੋਧੀ ਤੱਤਾਂ ਦਾ ਮੇਲ ਕਰਕੇ ਸਾਰੀ ਸ੍ਰਿਸ਼ਟੀ ਸਾਜ ਦਿਤੀ। ਅਜਿਹੇ ਮਾਲਕ ਲਈ ਰਾਵਣ ਮਾਰਨਾ ਕਿਹੜੀ ਵਡੀ ਗਲ ਸੀ ; ਉਸ ਮੂਰਖ ਰਾਵਣ ਨੇ ਤਾਂ ਆਪਣੇ ਗ਼ਲਤ ਕੰਮਾਂ ਕਰਕੇ ਹੀ **ਗੁਰਜੋਤਿ** ਹਥੋਂ ਆਪਣਾ ਸਿਰ ਕਟਵਾ ਲਿਆ। ਭਾਵੇਂ ਦੁਨੀਆਂ ਲਈ ਇਹ ਕੰਮ ਵਡਾ ਸੀ ਪਰ **ਕਰਤਾ-ਗੁਰਜੋਤਿ** ਲਈ ਇਹ ਮਮੂਲੀ ਕੰਮ ਸੀ।੧।

## ਕਿਆ ਉਪਮਾ ਤੇਰੀ ਆਖੀ ਜਾਇ ॥
## ਤੂੰ ਸਰਬੇ ਪੂਰਿ ਰਹਿਆ ਲਿਵ ਲਾਇ ॥੧॥ ਰਹਾਉ ॥

ਹੇ ਵਾਹਿਗੁਰੂ! ਤੇਰੀ ਵਡਿਆਈ ਤਾਂ ਬਿਆਨ ਹੀ ਨਹੀਂ ਕੀਤੀ ਜਾ ਸਕਦੀ।
ਤੂੰ ਤਾਂ **ਗੁਰਜੋਤਿ** ਦੇ ਰੂਪ ਵਿਚ ਲਿਵ ਲਗਾ ਕੇ ਭਾਵ ਪੂਰੇ ਸਚੇਤਨ ਰੂਪ ਵਿਚ ਹਰ ਥਾਂ ਭਰਪੂਰ ਹੈਂ।੧।ਰਹਾਉ।

## ਜੀਅ ਉਪਾਇ ਜੁਗਤਿ ਹਥਿ ਕੀਨੀ ਕਾਲੀ ਨਥਿ ਕਿਆ ਵਡਾ ਭਇਆ ॥

## ਕਿਸੁ ਤੂੰ ਪੁਰਖੁ ਜੋਰੂ ਕਉਣ ਕਹੀਐ ਸਰਬ ਨਿਰੰਤਰਿ ਰਵਿ ਰਹਿਆ ॥੨॥

ਹੇ ਵਾਹਗੁਰੂ ! ਤੂੰ ਇਸ **ਗੁਰਜੋਤਿ** ਦੇ ਰੂਪ ਵਿਚ ਸਾਰੀ ਜੁਗਤਿ ਆਪਣੇ ਹਥ ਰਖ ਕੇ ਹੀ ਜੀਅ ਪੈਦਾ ਕੀਤੇ ਹਨ ਤਾਂ ਫ਼ਿਰ **ਕਰਤਾ** ਦਾ ਸ੍ਰੀ ਕ੍ਰਿਸ਼ਨ ਰੂਪ ਹੋ ਕੇ ਕਾਲੀ ਨਾਗ ਨੂੰ ਕੰਟਰੋਲ ਕਰ ਲੈਣਾ ਕਿਹੜੀ ਵਡੀ ਗਲ ਸੀ ! ਭਾਵ ਤੇਰੀ ਅਸਲ ਵਡਿਆਈ ਸ੍ਰਿਸ਼ਟੀ ਦੇ ਕਰਤਾ ਰੂਪ ਵਿਚ ਹੈ।
ਕੌਣ ਕਹਿ ਸਕਦਾ ਹੈ ਕਿ ਤੂੰ ਕਿਸੇ ਦਾ ਪਤੀ ਹੈਂ, ਜਾ ਤੇਰੀ ਕੋਈ ਪਤਨੀ ਹੈਂ, ਭਾਵ ਤੂੰ ਅਸਲ ਵਿਚ ਕਿਸੇ ਰਿਸ਼ਤੇ ਵਿਚ ਬੰਨ੍ਹਿਆਂ ਨਹੀਂ ਮੰਨਿਆ ਜਾ ਸਕਦਾ। (ਆਪਨ ਬਾਪੈ ਨਾਹੀ ਕਿਸੀ ਕੋ... ) ਤੂੰ ਤਾਂ ਸਾਰਿਆਂ ਵਿਚ ਹੀ ਲਗਾਤਾਰ ਵਸਦਾ ਹੈਂ, ਭਾਵ ਸਭ ਤੂੰ ਹੀ ਤੂੰ ਹੈਂ (... ਭਾਵਨ ਕੋ ਹਰਿ ਰਾਜਾ) ।
(ਇਤਿਹਾਸਕ ਤੌਰ ਤੇ ਵੇਖਿਆ ਜਾ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ, ਬਿਨਾ ਕਿਸੇ ਰਿਸ਼ਤੇ ਦੇ ਬੰਧਨ ਵਿਚ ਪਿਆਂ, ਪਰਿਵਾਰ ਛਡ ਕੇ ਚਲੇ ਗਏ ; ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਹੀ ਪੁਤਰ ਬਾਬਾ ਅਟੱਲ ਰਾਏ ਜੀ ਦੇ ਰਬੀ ਹੁਕਮ ਦੀ ਪਛਾਣ ਕੀਤੇ ਬਿਨਾਂ ਕੁਦਰਤ ਦੇ ਕੰਮ ਵਿਚ ਦਖ਼ਲ ਦੇਣ ਬਦਲੇ ਸਰੀਰ ਤਿਆਗ ਦੇਣ ਤੇ ਦੁਖ ਨਾਂ ਕਰਨ ਦੀ ਤਾਕੀਦ ਕੀਤੀ; ਸ੍ਰੀ ਕ੍ਰਿਸ਼ਨ ਜੀ ਇਤਨੀ ਪਿਆਰੀ ਮਾਤਾ ਜਸੋਦਾ ਅਤੇ ਗੋਪੀਆਂ ਨੂੰ ਛਡ ਕੇ ਗਏ ਤੇ ਪਿਛੇ ਮੁੜ ਕੇ ਨਹੀਂ ਵੇਖਿਆ; ਆਦਿ।) ।੨।

ਨਾਲਿ ਕੁਟੰਬੁ ਸਾਥਿ ਵਰਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ ॥
ਆਗੈ ਅੰਤੁ ਨ ਪਾਇਓ ਤਾ ਕਾ ਕੰਸੁ ਛੇਦਿ ਕਿਆ ਵਡਾ ਭਇਆ ॥੩॥

ਆਪਣੀ ਸ੍ਰਿਸ਼ਟੀ ਵਿਚ ਵਰ ਦੇਣ ਵਾਲਾ ਬ੍ਰਹਮਾ, ਆਪਣੇ ਤ੍ਰਿਮੂਰਤੀ ਵਾਲੇ ਪਰਿਵਾਰ ਸਮੇਤ, ਵਾਪਸ ਕਮਲ ਦੀ ਨਾਲ ਵਿਚ, ਜਿਥੋਂ ਨਿਕਲਿਆ ਸੀ, ਆਪਣਾ ਸੋਮਾ, **ਕਰਤਾ**, ਲਭਣ ਚਲਾ ਗਿਆ। ਅਗੇ ਤੋਂ ਅਗੇ ਜਾ ਕੇ ਵੀ ਉਹ ਉਸ **ਕਰਤੇ** ਦਾ ਅੰਤ ਨਹੀਂ ਪਾ ਸਕਿਆ, ਜਿਸ ਨੂੰ **ਗੁਰਜੋਤਿ** ਕਿਹਾ ਗਿਆ ਹੈ ਅਤੇ ਗੁਰਬਾਣੀ ਵਿਚ ਇਸੇ **ਗੁਰਜੋਤਿ** ਨੂੰ ਹੀ ਅਨੰਤ ਬ੍ਰਹਮਿਆਂ ਦਾ ਰਚਇਤਾ ਮੰਨਿਆਂ ਗਿਆ ਹੈ (ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹ ਭਯਾ ਮਨ ਮਦ ਕਾ।। ਚਵਰਾਸੀਹ ਲਖ ਜੋਨਿ ਉਪਾਈ ਰਿਜਕ ਦੀਆ ਸਭ ਹੂ ਕਉ ਤਦ ਕਾ।।) ਉਸੇ ਗੁਰਜੋਤਿ ਦੇ ਸ੍ਰੀ ਕ੍ਰਿਸ਼ਨ ਰੂਪ ਨੂੰ ਕਾਲੀ ਨਾਗ ਨੂੰ ਕਾਬੂ ਕਰ ਲੈਣ ਨਾਲ ਉਸ ਦੀ ਕੋਈ ਬਹੁਤੀ ਵਡਿਆਈ ਨਹੀਂ ਕੀਤੀ ਜਾ ਸਕਦੀ। ਉਹ ਤਾਂ ਬਹੁਤ ਵਡਾ ਹੈ। ਜਿਵੇਂ ਸੁਲਤਾਨ ਨੂੰ ਮੀਆਂ ਕਹਿ ਕੇ ਵਡਿਆਉਣ ਵਿਚ ਸੁਲਤਾਨ ਦੀ ਕੋਈ ਵਡਿਆਈ ਨਹੀਂ – 'ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ।।' ।੩।

ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਏ ਜਿ ਅਸੀ ਕੀਆ ॥
ਕਹੈ ਨਾਨਕੁ ਛਪੈ ਕਿਉ ਛਪਿਆ ਏਕੀ ਏਕੀ ਵੰਡਿ ਦੀਆ ॥੪॥੭॥

ਸਮੁੰਦਰ ਰਿੜਕਣ ਨਾਲ ਜਦੋਂ ਰਤਨ ਪਰਗਟ ਹੋਏ ਸਨ ਤਾਂ ਉਨ੍ਹਾਂ ਨੂੰ ਵੰਡਣ ਵੇਲੇ ਦੇਵਤਿਆਂ ਤੇ ਦਾਨਵਾਂ ਵਿਚ ਲੜਾਈ ਹੋ ਗਈ, ਕਿ ਇਹ ਅਸੀਂ ਪਰਗਟ ਕੀਤੇ ਹਨ ਤੇ ਅਸੀਂ ਕੀਤੇ ਹਨ; ਬਹੁਤ ਕੁਬੋਲ ਬੋਲੇ ਗਏ। ਤਾਂ **ਗੁਰਜੋਤਿ** ਰੂਪੀ **ਕਰਤਾ** ਨੇ **ਮੋਹਣੀ** ਦੇ ਰੂਪ ਵਿਚ ਦੋਹਾਂ ਨੂੰ ਮੋਹ ਕੇ ਰਤਨ ਇਕ ਇਕ ਕਰਕੇ ਵੰਡ ਦਿਤੇ। ਗੁਰੂ ਨਾਨਕ ਸਾਹਿਬ ਫ਼ੁਰਮਾਣ ਕਰ ਰਹੇ ਹਨ ਕਿ ਇਸ ਤਰ੍ਹਾਂ ਉਹ **ਕਰਤਾ** ਕਿਤੇ ਛੁਪਿਆ ਹੋਇਆ ਨਹੀਂ ਸਗੋਂ ਉਹ ਤਾਂ **ਗੁਰਜੋਤਿ** ਰੂਪ ਵਿਚ ਸਾਰੀ ਦੁਨੀਆਂ ਨੂੰ ਇਸੇ ਤਰ੍ਹਾਂ ਦਾਤਾਂ ਵੰਡ ਰਿਹਾ ਹੈ, (ਜਿਵੇਂ 10 ਪਾਤਿਸ਼ਾਹਾਂ ਨੇ ਸਾਰੀ ਦੁਨੀਆਂ ਨੂੰ ਵੰਡੀਆਂ।) ਇਹੀ ਉਸ ਦੀ ਵਡਿਆਈ ਹੈ।੪।੭।

ਧੰਨ ਗੁਰੂ ਨਾਨਕ ਸਾਹਿਬ ਜੀ

Last modified: 24 Dec 2019